# ਮਾਡਲ ਪ੍ਰਸ਼ਨ-ਪੱਤਰ
## ਜਮਾਤ : ਦਸਵੀਂ
## ਵਿਸ਼ਾ : ਪੰਜਾਬੀ
## Set – C

**ਕੋਡ : 037** **ਸੈਸ਼ਨ : 2023-24**
**ਸਮਾਂ : ਤਿੰਨ ਘੰਟੇ** **ਕੁੱਲ ਅੰਕ : 80**
**ਪੇਪਰ : ਸਾਲਾਨਾ**

ਨੋਟ: ਲਿਖਾਈ ਸ਼ੁੱਧ, ਸੁੰਦਰ ਅਤੇ ਖੁਲ੍ਹੀ-ਖੁਲ੍ਹੀ ਕਰਨ ਦਾ ਜਤਨ ਕਰੋ।

❖ ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

### ਭਾਗ (ੳ)

1. **ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ: 5**

ਦੋ ਵਿਅਕਤੀਆਂ ਵਿਚਕਾਰ ਉਦੋਂ ਮਿੱਤਰਤਾ ਪੈਦਾ ਹੋ ਜਾਂਦੀ ਹੈ, ਜਦੋਂ ਉਨ੍ਹਾਂ ਦੀਆਂ ਰੁਚੀਆਂ, ਸੁਭਾ ਅਤੇ ਵਿਚਾਰ ਇਕੋ ਜਿਹੇ ਹੁੰਦੇ ਹਨ। ਉਨ੍ਹਾਂ ਦਾ ਕਈ ਨੁਕਤਿਆਂ ਉੱਪਰ ਇਕ ਦੂਜੇ ਨਾਲੋਂ ਮਤਭੇਦ ਵੀ ਹੋ ਸਕਦਾ ਹੈ, ਪਰੰਤੂ ਇਸ ਦੇ ਬਾਵਜੂਦ ਵੀ ਉਨ੍ਹਾਂ ਵਿਚਕਾਰ ਮਿਲ ਕੇ ਚਲਣ ਦੀ ਕੜੀ ਟੁੱਟਦੀ ਨਹੀਂ। ਅਮੀਰੀ, ਗਰੀਬੀ ਤੇ ਸਮਾਜਿਕ ਪੱਧਰ ਸੱਚੇ ਮਿੱਤਰਾਂ ਦੀ ਮਿੱਤਰਤਾ ਨੂੰ ਤੋੜ ਨਹੀਂ ਸਕਦੇ। ਇਸ ਸੰਬੰਧ ਵਿਚ ਕ੍ਰਿਸ਼ਨ ਅਤੇ ਸੁਦਾਮਾ ਵਰਗੇ ਮਿੱਤਰਾਂ ਦੀ ਕਹਾਣੀ ਅਮਰ ਹੈ, ਜਿਨ੍ਹਾਂ ਦੀ ਮਿੱਤਰਤਾ ਕ੍ਰਿਸ਼ਨ ਦੇ ਰਾਜਾ ਬਣ ਜਾਣ ਅਤੇ ਸੁਦਾਮਾ ਦੇ ਇਕ ਗਰੀਬ ਬ੍ਰਾਹਮਣ ਰਹਿ ਜਾਣ ਤੇ ਵੀ ਨਹੀਂ ਸੀ ਟੁੱਟੀ। ਮਿੱਤਰਤਾ ਦਾ ਸਭ ਤੋਂ ਵੱਡਾ ਲਾਭ ਇਹ ਹੈ ਕਿ ਅਸੀਂ ਮਿੱਤਰ ਨਾਲ ਆਪਣੇ ਦੁੱਖ-ਸੁੱਖ, ਡਰ, ਆਸ ਤੇ ਸ਼ੱਕ ਆਦਿ ਦੇ ਭਾਵਾਂ ਨੂੰ ਸਾਂਝੇ ਕਰ ਸਕਦੇ ਹਾਂ। ਭਾਵਾਂ ਨਾਲ ਭਰੇ ਮਨ ਨੂੰ ਅਸੀਂ ਆਪਣੇ ਮਿੱਤਰ ਅੱਗੇ ਖੋਲ ਕੇ ਹਲਕਾ ਫੁੱਲ ਮਹਿਸੂਸ ਕਰਦੇ ਹਾਂ।

(i) ਦੋ ਵਿਅਕਤੀਆਂ ਵਿਚ ਮਿੱਤਰਤਾ ਕਦੋਂ ਪੈਦਾ ਹੁੰਦੀ ਹੈ?
(ii) ਸੱਚੀ ਮਿੱਤਰਤਾ ਨੂੰ ਕੌਣ ਨਹੀਂ ਤੋੜ ਸਕਦੇ?
(iii) ਮਿੱਤਰ ਅੱਗੇ ਅਸੀ ਕਿਹੜੇ ਭਾਵ ਸਾਂਝਾ ਕਰ ਸਕਦੇ ਹਾਂ?

2. (i) 'ਕਾਰੀ' ਪਿਛੇਤਰ ਤੋਂ ਇੱਕ ਸ਼ਬਦ ਬਣਾਓ : 1
(ii) 'ਪਰਮ' ਅਗੇਤਰ ਤੋਂ ਇੱਕ ਸ਼ਬਦ ਬਣਾਓ : 1
(iii) ਉਹ ਬਹੁਤ ਅਮੀਰ ਹੈ (ਪ੍ਰਸ਼ਨਵਾਚਕ ਵਾਕ ਬਣਾਓ) 1
(iv) ਮੈਂ ਰੋਟੀ ਨਹੀਂ ਖਾਧੀ। (ਹਾਂ-ਵਾਚਕ ਵਾਕ ਬਣਾਓ) 1

Downloaded from cclchapter.com

**3. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਵਿੱਚੋਂ ਸਹੀ ਉੱਤਰ ਚੁਣ ਕੇ ਲਿਖੋ:**

1x4=4

(i) ਸ਼ੁੱਧ ਸ਼ਬਦ ਚੁਣੋ :

(ੳ) ਮੁਸਕਰਾਹਟ (ਅ) ਮੁਸਕ੍ਰਾਹਟ

(ੲ) ਮੁਸਕ੍ਰਾਟ੍ਹ (ਸ) ਮੁਸਕਰਾਟ

(ii) 'ਉਹ ਦਿਨ ਡੁੱਬਾ..........' ਅਖਾਣ ਪੂਰੀ ਕਰੋ ।

(ੳ) ਜਦੋਂ ਘੋੜੀ ਚੜ੍ਹਿਆ ਕੁੱਬਾ (ਅ) ਫਿੱਕਾ ਪਕਵਾਨ

(ੲ) ਸੌ ਢੱਫੇ ਕੁਟਣ (ਸ) ਬਾਂਦਰ ਨਚੇ

(iii) ਕਿਰਿਆ ਕਿੰਨੀ ਪ੍ਰਕਾਰ ਦੀ ਹੁੰਦੀ ਹੈ?

(ੳ) ਦੋ (ਅ) ਤਿੰਨ

(ੲ) ਚਾਰ (ਸ) ਪੰਜ

(iv) 'ਧੋਬੀ ਕਪੜੇ ਧੋ ਰਿਹਾ ਹੈ।' ਵਾਕ ਵਿਚ 'ਧੋਬੀ' ਦਾ ਕਾਰਕ ਹੈ।

(ੳ) ਕਰਤਾ ਕਾਰਕ (ਅ) ਕਰਮ ਕਾਰਕ

(ੲ) ਕਰਨ ਕਾਰਕ (ਸ) ਅਪਾਦਾਨ ਕਾਰਕ

**4. ਹੇਠ ਲਿਖੇ ਵਾਕ ਨੂੰ ਵਿਸ਼ਰਾਮ ਚਿੰਨ੍ਹ ਲਗਾ ਕੇ ਲਿਖੋ : 3**

ਹਾਏ ਕਿੰਨੇ ਸੋਹਣੇ ਫੁੱਲ ਲੱਗੇ ਹਨ ਇਕ ਕੁੜੀ ਨੇ ਦੂਜੀ ਨੂੰ ਆਖਿਆ

**5. ਹੇਠ ਲਿਖੇ ਮੁਹਾਵਰਿਆਂ ਵਿਚੋਂ ਕਿਸੇ ਇਕ ਮੁਹਾਵਰੇ ਨੂੰ ਅਰਥ ਸਹਿਤ ਵਾਕ ਵਿਚ ਵਰਤੋਂ : 2**

(i) ਛਾਤੀ ਤੇ ਮੂੰਗ ਦਲਣਾ

(ii) ਉੱਖਲੀ ਵਿਚ ਸਿਰ ਦੇਣਾ

**6. ਹੇਠ ਲਿਖੇ ਵਾਕ ਨੂੰ ਸੋਧ ਕੇ ਲਿਖੋ : 2**

ਚੋਰ ਨੇ ਸਿਪਾਹੀ ਨੂੰ ਫੜ ਲਿਆ ।

**7. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇਕ ਵਿਸ਼ੇ ਉੱਤੇ ਦਿੱਤੇ ਹੋਏ ਨੁਕਤਿਆਂ ਦੇ ਆਧਾਰ 'ਤੇ 200 ਸ਼ਬਦਾਂ ਦਾ ਲੇਖ ਲਿਖੋ : 5**

**ਸ਼ਹੀਦ ਭਗਤ ਸਿੰਘ**

**ਨੁਕਤੇ :** ਭਾਰਤ ਦਾ ਕੁਰਬਾਨੀਆਂ ਭਰਿਆ ਇਤਿਹਾਸ, ਜਨਮ ਤੇ ਵਿਰਸਾ, ਦੇਸ਼ ਭਗਤੀ ਦੀ ਲਗਨ, ਸਾਂਡਰਸ ਨੂੰ ਮਾਰਨਾ, ਅਸੈਂਬਲੀ ਵਿਚ ਬੰਬ ਸੁੱਟਣਾ, ਕੈਦ, ਫਾਂਸੀ ਦੀ ਸਜ਼ਾ।

ਜਾਂ

Downloaded from cclchapter.com

**ਵਿਸਾਖੀ ਦਾ ਅੱਖੀ ਡਿੱਠਾ ਮੇਲਾ**

**ਨੁਕਤੇ** : ਜਾਣ-ਪਛਾਣ, ਮੇਲਾ ਦੇਖਣ ਜਾਣਾ, ਇਤਿਹਾਸ ਪਿਛੋਕੜ, ਮੇਲੇ ਦਾ ਦ੍ਰਿਸ਼, ਜਾਦੂਗਰ ਦੇ ਬੋਲ੍ਹ, ਭੰਗੜਾ ਤੇ ਮੈਚ, ਲੜਾਈ ਤੇ ਭਗਦੜ

ਜਾਂ

**ਅਖਬਾਰਾਂ ਦੇ ਲਾਭ ਤੇ ਹਾਨੀਆਂ**

**ਨੁਕਤੇ** : ਜਾਣ-ਪਛਾਣ, ਤਾਜ਼ੀਆਂ ਖ਼ਬਰਾਂ ਦਾ ਮਿਲਣਾ, ਗਿਆਨ ਦਾ ਸੋਮਾ, ਵਪਾਰਕ ਉੱਨਤੀ, ਆਸ ਦੀ ਕਿਰਨ, ਮਨੋਰੰਜਨ ਦਾ ਸਾਧਨ, ਜਾਗ੍ਰਿਤੀ ਪੈਦਾ ਕਰਨਾ, ਰੁਜ਼ਗਾਰ ਦਾ ਸਾਧਨ, ਇਤਿਹਾਸ ਸਿਰਜਣਾ, ਸਮਾਜ-ਵਿਰਧੀ ਸ਼ਕਤੀਆਂ ਤੇ ਸਰਕਾਰੀ ਅਦਾਰਿਆਂ ਵਿਚ ਡਰ, ਰੱਦੀ ਵੇਚਣਾ, ਭੜਕਾਊ ਵਿਚਾਰ, ਅਸਲੀਲਤਾ, ਆਧੁਨਿਕ ਜੀਵਨ ਦੀ ਮਹੱਤਵਪੂਰਨ ਲੋੜ ।

8. **ਹੇਠ ਲਿਖਿਆਂ ਨੁਕਤਿਆਂ ਦੇ ਆਧਾਰ 'ਤੇ ਕੋਈ ਇਕ ਪੱਤਰ ਲਿਖੋ।5**

ਆਪਣੇ ਸਹਿਰ ਦੇ ਨਗਰ ਨਿਗਮ ਦੇ ਪ੍ਰਧਾਨ ਨੂੰ ਇਕ ਚਿੱਠੀ ਲਿਖੋ, ਜਿਸ ਵਿਚ ਆਪਣੇ ਇਲਾਕੇ ਵਿਚ ਫੈਲੀ ਗੰਦਗੀ ਦਾ ਵੇਰਵਾ ਦਿੰਦਿਆਂ ਇਸ ਸੰਬੰਧ ਯੋਗ ਉਪਾਅ ਕਰਨ ਲਈ ਬੇਨਤੀ ਕਰੋ।

**ਨੁਕਤੇ** : ਪਤਾ, ਸੰਬੋਧਨੀ ਪਦ, ਵਿਸਾ, ਇਲਾਕੇ ਵਿਚ ਫੈਲੀ ਗੰਦਗੀ, ਮੱਖੀਆਂ-ਮੱਛਰਾਂ ਦੀ ਭਰਮਾਰ, ਗੰਦਾ ਪਾਣੀ ਗਲੀਆਂ ਵਿਚ, ਬੀਮਾਰੀ ਦਾ ਖਤਰਾ, ਯੋਗ ਉਪਾਅ ਦੀ ਮੰਗ, ਧੰਨਵਾਦ, ਸਿਰਨਾਵਾਂ।

ਜਾਂ

ਆਪਣੇ ਸਕੂਲ ਦੇ ਪ੍ਰਿੰਸੀਪਲ ਨੂੰ ਜਰੂਰੀ ਕੰਮ ਦੀ ਛੁੱਟੀ ਲੈਣ ਲਈ ਅਰਜੀ ਲਿਖੋ।

**ਨੁਕਤੇ** : ਸਤਿਕਾਰ ਭਰੇ ਸ਼ਬਦ, ਵਿਸ਼ਾ, ਜਰੂਰੀ ਕੰਮ, ਛੁੱਟੀ, ਧੰਨਵਾਦ ਸਿਰਨਾਵਾਂ।

**ਭਾਗ (ਅ)**

9. **ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :** **3**

ਮਿੱਤਰਾ ਲਿਖ ਕਿਤਾਬਤ ਭੇਜੀ ।
ਲੱਗਾ ਬਾਣ ਫਿਰਾਂ ਤੜਫੇਂਦੀ ।
ਤਨ ਵਿਚਿ ਤਾਕਤ ਰਹੀ ਨਾ ਮੂਲੇ ।

Downloaded from cclchapter.com

ਰੋ ਰੋ ਹਰਫ਼ ਪਛਾਣੀ ਦਾ ।

ਜਾਂ

ਗਊ, ਗਰੀਬ ਤੇ ਔਰਤ ਦੀ ਕਰੋ ਰਾਖੀ,
ਜ਼ਬਰ-ਜ਼ੁਲਮ ਦੇ ਕਦੀ ਨਹੀਂ ਰਾਹ ਪੈਣਾ ।
ਲਾਲਚ ਵਿੱਚ ਆ ਧੀਆਂ ਵੇਚਣਾ ਨਾ,
ਮੂੰਹੋ ਮੰਗਕੇ ਕਦੇ ਨਾ ਦਾਜ ਲੈਣਾ ।

**10. ਬਹੁ-ਵਿਕਲਪੀ ਉੱਤਰਾਂ ਵਿਚੋਂ ਸਹੀ ਉੱਤਰ ਚੁਣੋ :** 1x5=5

(i) 'ਗਉੜੀ ਬੈਰਾਗਣਿ ਮ: 3' ਕਵਿਤਾ ਕਿਸ ਨੇ ਲਿਖੀ?
(ੳ) ਗੁਰੂ ਅਮਰਦਾਸ ਜੀ (ਅ) ਸਾਹ ਹੁਸੈਨ
(ੲ) ਜਸਵੰਤ ਸਿੰਘ ਸੇਖਵਾਂ (ਸ) ਕਸ਼ਮੀਰ ਨੀਰ

(ii) ਧਰਤੀ ਅਤੇ ਰੁੱਖਾਂ ਦੇ ਸਾਥ ਦੀ ਕਿਹੜੇ ਰਿਸ਼ਤੇ ਨਾਲ ਤੁਲਨਾ ਕੀਤੀ ਗਈ ਹੈ?
(ੳ) ਦੋਸਤ ਨਾਲ (ਅ) ਮਾਵਾਂ ਤੇ ਬੱਚਿਆਂ ਦੇ ਰਿਸ਼ਤੇ ਨਾਲ
(ੲ) ਸਹੇਲੀ ਨਾਲ (ਸ) ਮਿੱਟੀ ਤੇ ਪਾਣੀ ਨਾਲ

(iii) ਦੁਨੀਆ ਦੇ ਸਾਰੇ ਬੰਦੇ ਕੀ ਹਨ?
(ੳ) ਇਥੋਂ ਰੱਬੀ ਨੂਰ (ਅ) ਖਾਣ-ਪੀਣ ਦੇ ਸੌਕੀਨ
(ੲ) ਪੈਸੇ ਦੇ ਪੀਰ (ਸ) ਧੋਖਾ ਦੇਣ ਵਾਲੇ

(iv) ਪੰਜਾਬੀ ਦਾ ਗੁਣਗਾਨ ਕਿਹੋ ਜਿਹਾ ਹੈ?
(ੳ) ਗੀਤ ਗਾਉਣ ਵਰਗਾ (ਅ) ਰੱਬ ਦੀ ਉਸਤਤ ਕਰਨ ਵਰਗਾ
(ੲ) ਪੜ੍ਹਨ-ਲਿਖਣ ਲਈ (ਸ) ਕੋਈ ਵੀ ਨਹੀਂ

(v) ਕਵੀ ਸੁਦਰਸ਼ਨ ਗਾਸੋ ਨੇ ਸਰਹੱਦ ਦੇ ਆਰ-ਪਾਰ ਕਿਸ ਦੇ ਚਮਕਣ ਦਾ ਹਵਾਲਾ ਦਿੱਤਾ ਹੈ?
(ੳ) ਚੰਦ ਦੇ (ਅ) ਰੋਸ਼ਨੀ ਦੇ
(ੲ) ਸੂਰਜ ਦੇ (ਸ) ਜੁਗਨੂੰ ਦੇ

**11. ਅਤਿ ਛੋਟੇ ਉੱਤਰ ਵਾਲੇ ਪ੍ਰਸ਼ਨ (ਇਕ ਸ਼ਬਦ ਵਾਲੇ)** 1x5=5

(i) ਸਭ ਤੋਂ ਪਹਿਲਾਂ ਸੱਪ ਕਿਸ ਨੇ ਵੇਖਿਆ?
(ii) ਰੋਹਿਤ ਨੂੰ ਕਿਹੜੀ ਸਵਾਰੀ ਕਰਕੇ ਮਜਾ ਆ ਰਿਹਾ ਸੀ?
(iii) ਟੱਕਰ ਹੋਣ ਨਾਲ ਮੀਨਾਕਸੀ ਦੇ ਕਿਹੋ ਜਿਹੀ ਸੱਟ ਲੱਗੀ ਸੀ?
(iv) ਅਰਚਨਾ ਕਿਹੜੇ ਫਲੌਰ 'ਤੇ ਰਹਿੰਦੀ ਸੀ?
(v) 'ਈਅਰ ਫੋਨ' ਕਹਾਣੀ ਦੀ ਮੁੱਖ ਪਾਤਰ ਕੌਣ ਹੈ?

**12. ਅਤਿ ਛੋਟੇ ਉੱਤਰ ਵਾਲੇ ਪ੍ਰਸ਼ਨ (ਇਕ ਸ਼ਬਦ ਵਾਲੇ) ਕਿਸੇ ਤਿੰਨ ਪ੍ਰਸ਼ਨਾਂ ਦੇ ਉੱਤਰ ਦਿਓ** 1x3=3

Downloaded from cclchapter.com

(i) ਬੇਬੇ ਰਾਮ ਭਜਨੀ ਦੇ ਪੁੱਤਰ ਦੀ ਮੌਤ ਕਦੋਂ ਹੋਈ ਸੀ?

(ii) ਤੋਤਾ ਕੀ ਸੋਚ ਕੇ ਪਰੇਸ਼ਾਨ ਹੈ?

(iii) ਬੀਬੀ ਭਾਨੀ ਜੀ ਕਿੱਥੇ ਜੋਤੀ ਜੋਤ ਸਮਾਏ?

(iv) ਕਿੱਥੋਂ ਦੀ ਦੌੜ ਪਿੱਛੋ ਮਿਲਖਾ ਸਿੰਘ ਨਿਰਾਸ਼ ਹੋ ਗਿਆ?

(v) ਨਾਨਕ ਸਿੰਘ ਦਾ ਕਿਹੜਾ ਨਾਵਲ ਜੇਲ੍ਹ ਅਧਿਕਾਰੀਆਂ ਨੇ ਜਬਤ ਕਰ ਲਿਆ?

13. **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 20-25 ਸ਼ਬਦਾਂ ਵਿੱਚ ਦਿਓ** : 2x4=8

(i) ਕੁੜੀਆਂ ਪ੍ਰਤੀ ਪਰਿਵਾਰ ਦੇ ਕਿਹੜੇ ਮੈਂਬਰ ਮੱਥੇ ਵੱਟ ਪਾਉਂਦੇ ਹਨ?

(ii) ਸਵੇਰੇ ਉੱਠਣ ਦੇ ਕੀ ਲਾਭ ਹਨ?

(iii) ਜੀ-ਟਰਾਂਸ (G-Trans) ਪ੍ਰੋਗਰਾਮ ਕੀ ਹੈ?

(iv) ਲੋਕ-ਗੀਤ ਕਿਸ ਨੂੰ ਆਖਦੇ ਹਨ?

14. **ਛੋਟੇ ਉੱਤਰਾਂ ਵਾਲੇ ਪ੍ਰਸ਼ਨਾਂ ਦਾ ਉੱਤਰ 20-25 ਸ਼ਬਦਾਂ ਵਿੱਚ ਦਿਓ** : 2x4=8

(i) ਮੀਨਾਕਸ਼ੀ ਨੇ ਮੰਮੀ-ਪਾਪਾ ਤੋਂ ਕਿਉਂ ਮਾਫ਼ੀ ਮੰਗੀ?

(ii) ਕਿਸਾਨ ਨੇ ਰਾਜੇ ਨੂੰ ਗਾਲ੍ਹਾਂ ਕੱਢਣ ਦਾ ਕਾਰਨ ਕੀ ਦੱਸਿਆ?

(iii) ਕਿਹੜੀ ਦੌੜ ਜਿੱਤਣ ਮਗਰੋਂ ਦੁਨੀਆਂ ਵਿਚ 'ਮਿਲਖਾ ਸਿੰਘ, ਮਿਲਖਾ ਸਿੰਘ' ਹੋ ਗਈ?

(iv) ਨਾਨਕ ਸਿੰਘ ਦਾ ਪਹਿਲਾ ਨਾਵਲ ਕਿਹੜਾ ਸੀ? ਉਸ ਬਾਰੇ ਜਾਣਕਾਰੀ ਦਿਉ?

15. **ਵੱਡੇ ਉੱਤਰਾਂ ਵਾਲੇ ਪ੍ਰਸ਼ਨ (ਉੱਤਰ 30-35 ਸ਼ਬਦਾਂ ਵਿੱਚ)** : 3x2=6

(i) 'ਗਉੜੀ ਬੈਰਾਗਣਿ ਮ: 3' ਸ਼ਬਦ ਦਾ ਕੇਂਦਰੀ (ਅੰਤ੍ਰੀਵ) ਭਾਵ ਲਿਖੋ।

ਜਾਂ

'ਗੁਰੂ ਉਪਦੇਸ਼' ਕਵਿਤਾ ਦਾ ਕੇਂਦਰੀ ਭਾਵ ਲਿਖੋ ।

(ii) ਸਪੀਅਰਮੈਨ ਤੇ ਗਾਰਡਨਰ ਵਰਗੇ ਮਨੋਵਿਗਿਆਨੀਆਂ ਦਾ ਨੌਜਵਾਨਾਂ ਦੇ ਵਿਕਾਸ ਬਾਰੇ ਕੀ ਵਿਚਾਰ ਹੈ?

ਜਾਂ

ਉੱਚੀ ਪਹਾੜੀ ਵਲ ਜਾਂਦਿਆਂ ਲੇਖਕ ਲੇ ਰਬ ਵਿਚ ਕੀ ਦੇਖਿਆ?

16. (i) ਨਸ਼ਾਖੋਰੀ ਨੇ ਨੌਜੁਆਨਾਂ ਦੀ ਕੰਮ ਕਰਨ ਦੀ ਸਮਰੱਥਾ ਉੱਪਰ ਕੀ ਪ੍ਰਭਾਵ ਪਾਇਆ ਹੈ?

ਜਾਂ

Downloaded from cclchapter.com

ਚਾਹ ਪੀਣ ਦੇ ਕੀ ਨੁਕਸਾਨ ਹਨ?

(ii) 'ਸ਼ੇਲਾਂਗ ਵਾਦੀ ਕਿਹੋ ਜਿਹੀ ਹੈ? ਇਹ ਕਿਹੋ ਜਿਹੀਆਂ ਸਰਗਰਮੀਆਂ ਦਾ ਕੇਂਦਰ ਹੈ?

ਜਾਂ

ਜੀ-ਲਿਪੀਕਾ (G.I. Lipika) ਬਾਰੇ ਤੁਸੀ ਕੀ ਜਾਣਦੇ ਹੋ?

17(i) ਪੰਜਾਬੀਆਂ ਦੀ ਸੋਚ ਦਾ ਤੁਹਾਡੇ ਮਨ ਉੱਪਰ ਕੀ ਅਸਰ ਪਿਆ ਹੈ? ਆਪਣੇ ਵਿਚਾਰ ਵਿਸਥਾਰ ਵਿਚ ਲਿਖੋ ।

ਜਾਂ

ਜੇਕਰ ਚਾਹ ਨੂੰ ਲੋਕ ਤਿਆਗ ਦੇਣਗੇ, ਤਾਂ ਚਾਹ ਦੇ ਬਾਗਾਂ ਅਤੇ ਇਸਦੇ ਰੁਜ਼ਗਾਰ ਨਾਲ ਜੁੜੇ ਲੋਕਾਂ ਦਾ ਕੀ ਹੋਵੇਗਾ?

(ii) ਹਉਮੈਂ ਜਦੋਂ ਆਪਣੀ ਆਤਮਾ ਦੀ ਪਛਾਣ ਕਰਦੀ ਹੈ, ਤਾਂ ਕੀ ਹੁੰਦਾ ਹੈ?

ਜਾਂ

ਕੀ ਤੁਸੀ ਕਿਸੇ ਪਹਾੜੀ ਸਥਾਨ ਦੀ ਯਾਤਰਾ ਕੀਤੀ ਹੈ? ਆਪਣਾ ਅਨੁਭਵ ਬਿਆਨ ਕਰੋ ।

✡ ✡ ✡ ✡ ✡ ✡

Downloaded from cclchapter.com